# 8

## ਸਵਾਲ:

# ''ਜੇ ਡਿਨੋਮੀਨੇਸ਼ਨਵਾਦ ਇਕ ਕਲੰਕ ਹੈ, ਤਾਂ ਲੋਕ ਇਕ ਕਿਵੇਂ ਹੋ ਸਕਦੇ ਹਨ?''

## ਜਵਾਬ:

ਮਸੀਹ ਵਿਚ ਵਿਸ਼ਵਾਸ ਕਰਨ ਵਾਲੇ ਲੋਕ ਸੈਂਕੜੇ ਕਲੀਸੀਆਵਾਂ ਵਿਚ ਵੰਡੇ ਹੋਏ ਹਨ। ਮਸੀਹੀਅਤ ਦੇ ਓਨੇ ਹੀ ਬ੍ਰਾਂਡ ਮਿਲ ਜਾਂਦੇ ਹਨ ਜਿੰਨੇ ਕੁ ਟੁੱਥਪੇਸਟਾਂ ਦੇ ਹੋਣਗੇ!

ਅਸੀਂ ਮੰਨਦੇ ਹਾਂ ਕਿ ਇਹ ਡਿਨੋਮੀਨੇਸ਼ਨਵਾਦ ਸਭ ਤੋਂ ਪਹਿਲਾਂ ਤਾਂ ਇਸ ਕਰਕੇ ਕਲੰਕ ਹੈ ਕਿਉਂਕਿ ਮਸੀਹ ਵਿਚ ਵਿਸ਼ਵਾਸ ਕਰਨ ਵਾਲੇ ਲੋਕ ਧਾਰਮਿਕ ਫੁੱਟ ਕਰਕੇ ਦੁਰਭਾਵਨਾ ਅਤੇ ਝਗੜੇ ਵਿਚ ਵੰਡੇ ਜਾਂਦੇ ਹਨ। ਦੂਜਾ, ਇਹ ਇਸ ਕਰਕੇ ਵੀ ਕਲੰਕ ਹੈ ਕਿਉਂਕਿ ਇਸ ਨਾਲ ਲੋਕਾਂ ਨੂੰ ਮਸੀਹੀਅਤ ਨੂੰ ਕਬੂਲ ਕਰਨ ਵਿਚ ਰੁਕਾਵਟ ਆਉਂਦੀ ਹੈ। ਤਿੰਨ ਮਿਸ਼ਨਰੀ ਵੱਖੋ ਵੱਖ ਸਿੱਖਿਆ ਲੈ ਕੇ ਅਫ਼ਰੀਕਾ ਦੇ ਇਕ ਕਬੀਲੇ ਵਿਚ ਗਏ। ਕੁਝ ਮਹੀਨਿਆਂ ਬਾਅਦ ਵੀ ਕੋਈ ਫਲ ਨਾ ਮਿਲਿਆ। ਤਿੰਨਾਂ ਮਿਸ਼ਨਰੀਆਂ ਨੇ ਇਹ ਜਾਣਨ ਲਈ ਕਿ ਗੜਬੜ ਕਿੱਥੇ ਹੈ, ਕਬੀਲੇ ਦੇ ਸਰਦਾਰ ਨੂੰ ਸੱਦਿਆ। ਸਰਦਾਰ ਨੇ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣ ਕੇ ਜਵਾਬ ਦਿੱਤਾ, ''ਤੁਸੀਂ ਸਾਨੂੰ ਯਿਸੂ ਬਾਰੇ ਦੱਸਦੇ ਤਾਂ ਹੋ ਪਰ ਤੁਸੀਂ ਸਭ ਲੋਕ ਵੱਖੋ ਵੱਖ ਗੱਲਾਂ ਦੱਸਦੇ ਹੋ। ਪਹਿਲਾਂ ਤੁਸੀਂ ਤਿੰਨੇ ਰਲ ਕੇ ਇਹ ਸਲਾਹ ਕਰ ਲਓ ਕਿ ਯਿਸੂ ਦੀ ਸਿੱਖਿਆ ਹੈ ਕੀ, ਫਿਰ ਹੋ ਸਕਦਾ ਹੈ ਕਿ ਅਸੀਂ ਸੁਣ ਲਈਏ ਅਤੇ ਤੁਹਾਡੀ ਗੱਲ ਮੰਨ ਲਈਏ। ਮਸੀਹ ਦੇ ਚੇਲੇ ਹੋਣ ਦਾ ਦਾਅਵਾ ਕਰਨ ਵਾਲੇ ਲੋਕਾਂ ਵਿਚ ਧਾਰਮਿਕ ਫੁੱਟ ਨਾਲ ਬਹੁਤ ਸਾਰੇ ਲੋਕ ਉਸ ਦੇ ਮਗਰ ਚੱਲਣ ਤੋਂ ਨਾਂਹ ਕਰ ਦਿੰਦੇ ਹਨ। ਕਿਸੇ ਨੇ ਕਿਹਾ ਹੈ, ''ਮਸੀਹੀਅਤ ਵਿਚ ਪਾਈ ਜਾਣ ਵਾਲੀ ਧਾਰਮਿਕ ਫੁੱਟ ਦੀ ਕੀਮਤ ਸਾਨੂੰ ਬੇਵਿਸ਼ਵਾਸੇ ਸੰਸਾਰ ਦੇ ਰੂਪ ਵਿਚ ਚੁਕਾਉਣੀ ਪੈਂਦੀ ਹੈ।''

ਡਿਨੋਮੀਨੇਸ਼ਨਵਾਦ ਦੇ ਇਕ ਕਲੰਕ ਹੋਣ ਦਾ ਮੁੱਖ ਕਾਰਣ ਇਹ ਹੈ ਕਿ ਇਹ ਖ਼ੁਦਾ ਦੀ ਮਰਜ਼ੀ ਦੇ ਖਿਲਾਫ਼ ਹੈ। ਯਿਸੂ ਨੇ ਦੁਆ ਕੀਤੀ ਸੀ, ''ਮੈਂ ਨਿਰਾ ਇਨ੍ਹਾਂ ਹੀ ਲਈ ਬੇਨਤੀ ਨਹੀਂ ਕਰਦਾ ਪਰ ਉਨ੍ਹਾਂ ਲਈ ਵੀ ਜਿਹੜੇ ਇਨ੍ਹਾਂ ਦੇ ਵਚਨ ਨਾਲ ਮੇਰੇ ਉੱਤੇ ਨਿਹਚਾ ਕਰਨਗੇ। ਜੋ ਓਹ ਸਭ ਇੱਕੋ ਹੋਣ ਜਿਸ ਤਰ੍ਹਾਂ, ਹੇ ਪਿਤਾ, ਤੂੰ ਮੇਰੇ ਵਿਚ ਅਤੇ ਮੈਂ ਤੇਰੇ ਵਿਚ ਹਾਂ ... ਤਾਂ ਜੋ ਜਗਤ ਸੱਚ ਮੰਨੇ ਭਈ ਤੈਂ ਮੈਨੂੰ ਘੱਲਿਆ'' (ਯੂਹੰਨਾ 17:20, 21)। ਪੌਲੁਸ ਨੇ ਲਿਖਿਆ, ''ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਵਾਸਤਾ ਦੇ ਕੇ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਜੋ ਤੁਸੀਂ ਸੱਭੇ ਇੱਕੋ ਗੱਲ ਬੋਲੋ ਅਤੇ ਤੁਹਾਡੇ ਵਿਚ ਫੋਟਕ ਨਾ ਪੈਣ ਸਗੋਂ ਇੱਕੋ ਮਨ ਅਤੇ ਇੱਕੋ ਵਿਚਾਰ ਵਿਚ ਪੂਰੇ ਹੋ ਜਾਵੋ'' (1 ਕੁਰਿੰਥੀਆਂ 1:10)।

ਭਾਵੇਂ ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਡਿਨੋਮੀਨੇਸ਼ਨਵਾਦ ਇਕ ਕਲੰਕ ਹੈ ਤਾਂ ਵੀ ਇਹ ਸਵਾਲ ਤਾਂ ਰਹਿਣਾ ਹੀ ਹੈ ਕਿ ਮਸੀਹ ਵਿਚ ਵਿਸ਼ਵਾਸ ਕਰਨ ਵਾਲੇ ਲੋਕ ਇਕ ਕਿਵੇਂ ਹੋ ਸਕਦੇ ਹਨ? ਆਓ ਏਕਤਾ ਦੇ ਵੱਖੋ ਵੱਖ ਢੰਗਾਂ ਉੱਤੇ ਗੌਰ ਕਰਦੇ ਹਾਂ।

## ਲੋਕਾਂ ਵੱਲੋਂ ਅਪਣਾਇਆ ਜਾਣ ਵਾਲਾ ਢੰਗ

ਏਕਤਾ ਨੂੰ ਵਧਾਉਣ ਦੀ ਇੱਛਾ ਨਾਲ ਇਨ੍ਹਾਂ ਦੋਹਾਂ ਵਿੱਚੋਂ ਇਕ ਢੰਗ ਨੂੰ ਅਪਣਾਉਂਦੇ ਹਾ। ਇਕ ਢੰਗ ਸਹਿਯੋਗ ਦੇ ਰਾਹੀਂ ਕਿਰਪਾ ਦੀ ਧਾਰਣਾ ਵਿਚ ਮਿਲਦਾ ਹੈ। ਵੱਖੋ ਵੱਖ ਸਿੱਖਿਆਵਾਂ ਨੂੰ ਮੰਨ ਕੇ, ਵੱਖੋ ਵੱਖ ਡਿਨੋਮੀਨੇਸ਼ਨਾਂ ਵਿਚ ਰਹਿੰਦਿਆਂ ਲੋਕਾਂ ਨੇ ਅਸਹਿਮਤੀ ਨਾਲ ਸਹਿਮਤ ਹੋਣਾ ਮੰਨ ਲਿਆ ਹੈ। ਉਹ ਉਸ ਗੱਲ ਨੂੰ ਨਜ਼ਰਅੰਦਾਜ਼ ਕਰਦੇ ਹੋਏ ਜਿਸ ਤੇ ਉਨ੍ਹਾਂ ਵਿਚ ਮਤਭੇਦ ਪਾਏ ਜਾਂਦੇ ਹਨ ਸਭਨਾਂ ਵੱਲੋਂ ਮੰਨੀਆਂ ਜਾਣ ਵਾਲੀਆਂ ਗੱਲਾਂ ਉੱਤੇ ਜ਼ੋਰ ਦੇਣਗੇ।

ਕਈ ਵਾਰ ਇਸ ਵਿਚਾਰ ਵਾਲੇ ਲੋਕ ਪ੍ਰਾਰਥਨਾ ਸਭਾਵਾਂ ਅਤੇ ਬਾਈਬਲ ਅਧਿਐਨ ਦੇ ਗਰੁਪਾਂ ਵਿਚ ਇਕੱਠੇ ਹੁੰਦੇ ਹਨ। ਉਹ ਇਸ ਗੱਲ ਨੂੰ ਭੁੱਲ ਕੇ ਕਿ ਉਨ੍ਹਾਂ ਵਿਚ ਬਹੁਤ ਸਾਰੀਆਂ ਗੱਲਾਂ ਤੇ ਮਤਭੇਦ ਹਨ, ਸਿਰਫ਼ ਉਨ੍ਹਾਂ ਸਿੱਖਿਆਵਾਂ ਦੀ ਗੱਲ ਕਰਦੇ ਹਾਂ ਜਿਨ੍ਹਾਂ ਨੂੰ ਸਭ ਲੋਕ ਮੰਨਦੇ ਹਨ। ਜਾਂ ਉਹ ਅੰਤਰ ਡਿਨੋਮੀਨੇਸ਼ਨ ਵਾਲੀ ਕਲੀਸੀਆ ਬਣਾ ਲੈਂਦੇ ਹਾਂ। ਜਿਸ ਵਿਚ ਬਪਤਿਸਮਾ, ਪ੍ਰਭੂ ਭੋਜ, ਕਲੀਸੀਆ ਦੇ ਸੰਗਠਨ ਆਦਿ ਬਾਰੇ ਵੱਖੋ ਵੱਖ ਵਿਚਾਰ ਵਾਲੇ ਲੋਕ ਆ ਸਕਦੇ ਹਨ। ਕੁਝ ਕਲਸੀਆਵਾਂ ਵੱਲੋ ਸਹਿਯੋਗ ਕਰਨ ਦੀਆਂ ਕੋਸ਼ਿਸ਼ਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਕਲੀਸੀਆਵਾਂ ਆਪਣੇ ਕਿਸੇ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਸਭ ਮਤਭੇਦਾਂ ਨੂੰ ਭੁੱਲ ਜਾਂਦੀਆਂ ਹਨ। ਜਾਂ ਡਿਨੋਮੀਨੇਸ਼ਨਾਂ ਵਾਲੀਆਂ ਕਲੀਸੀਆਵਾਂ ਦੀਆਂ ਕੌਂਸਿਲਾਂ ਵਿਚ ਮਿਲ ਜਾਂਦੀਆਂ ਹਨ। ਇਨ੍ਹਾਂ ਕੌਂਸਿਲਾਂ ਵਿਚ ਹਰ ਕਲੀਸੀਆ ਆਪਣੇ ਵਿਸ਼ਵਾਸ ਨੂੰ ਬਣਾਈ ਰੱਖ ਕੇ ਸਮਾਜਿਕ ਕੰਮ ਜਾਂ ਲੋਕ ਭਲਾਈ ਜਾਂ ਇੰਜੀਲ ਦੇ ਪ੍ਰਚਾਰ ਦੇ ਕੰਮ ਵਿਚ ਮਿਲ ਕੇ ਸਹਿਯੋਗ ਕਰਦੀ ਹੈ।

ਭਲਾ ਇਸ ਢੰਗ ਵਿਚ ਕੋਈ ਖ਼ਰਾਬੀ ਹੈ? ਇਸ ਵਿਚ ਇਕ ਕਸ਼ਿਸ਼ ਤਾਂ ਹੈ ਕਿ ਅਸੀਂ ਸਭ ਦੂਜੇ ਵਿਸ਼ਵਾਲੇ ਲੋਕਾਂ ਨਾਲ ਮਿਲਣ ਅਤੇ ਉਨ੍ਹਾਂ ਨਾਲ ਸਹਿਯੋਗ ਕਰਨ ਨੂੰ ਚੰਗਾ ਮੰਨਦੇ ਹਾਂ। ਲਗਦਾ ਹੈ ਕਿ ਇਸ ਨਾਲ ਮਸੀਹੀ ਵਿਹਾਰ ਵੀ ਵਿਖਾਇਆ ਜਾਂਦਾ ਹੈ।

ਦਿੱਕਤ ਇਹ ਹੈ ਕਿ ਇਹ ਕਿਸੇ ਮੁਸ਼ਕਿਲ ਦਾ ਹੱਲ ਨਹੀਂ ਹੈ ਇਸ ਨਾਲ ਅਸਲ ਏਕਤਾ ਨਹੀਂ ਆਉਂਦੀ। ਇਸ ਢੰਗ ਨੂੰ ਅਪਣਾਉਣਾ ਗਲੀਚੇ ਦੇ ਹੇਠਾਂ ਝਾੜੂ ਮਾਰਨ ਵਾਂਗ ਹੈ। ਭਾਵ ਅਸੀਂ ਲੱਖ ਵਿਖਾਵਾ ਕਰੀਏ ਕਿ ਸਾਡੀ ਫੁੱਟ ਨਾਲ ਕੋਈ ਫ਼ਰਕ ਨਹੀਂ ਪੈਂਦਾ ਪਰ ਫ਼ਰਕ ਹੈ ਅਤੇ ਡਿਨੋਮੀਨੇਸ਼ਨਵਾਦ ਦੀ ਬੁਰਿਆਈ ਵੀ ਮੌਜੂਦ ਹੈ।

ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਇਹ ਢੰਗ ਇਸ ਕਰਕੇ ਗਲਤ ਹੈ ਕਿਉਂਕਿ ਇਸ ਨਾਲ ਉਹ ਏਕਤਾ ਨਹੀਂ ਮਿਲ ਸਕਦੀ ਜਿਸਦੀ ਬਾਈਬਲ ਇੱਛੁਕ ਹੈ।

ਸਾਡੇ ਪ੍ਰਭੂ ਨੇ ਦੁਆ ਕੀਤੀ ਕਿ ਵਿਸ਼ਵਾਸੀ ਲੋਕ ਉਵੇਂ ਹੀ ਇਕ ਹੋਣ ''ਜਿਸ ਤਰ੍ਹਾਂ, ਹੇ ਪਿਤਾ ਤੂੰ ਮੇਰੇ ਵਿਚ ਅਤੇ ਮੈਂ ਤੇਰੇ ਵਿਚ ਹਾਂ'' (ਯੂਹੰਨਾ 17:21)। ਪਿਤਾ ਅਤੇ ਪੁੱਤਰ ਇਕ ਦੂਜੇ ਦੇ ਕਿੰਨਾ ਨੇੜੇ ਹਨ। ਉਨ੍ਹਾਂ ਦੇ ਮਕਸਦ, ਯੋਜਨਾ ਅਤੇ ਸਮਰਥਾ ਉੱਤੇ ਧਿਆਨ ਦੇ ਕੇ ਵੇਖੋ ਕਿ ਉਹ ਕਿੰਨੇ ਇਕ ਹਨ। ਭਲਾ ਡਿਨੋਮੀਨੇਸ਼ਨਾਂ ਵਿਚ ਅਜਿਹੀ ਏਕਤਾ ਪਾਈ ਜਾ ਸਕਦੀ ਹੈ। ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਇਕ ਮਤ ਭਾਵ ਇਕ ਮਨ ਅਤੇ ਇਕ ਮਤ ਹੋਣ ਦੀ ਬੇਨਤੀ ਕੀਤੀ (1 ਕੁਰਿੰਥੀਆਂ 1:10)। ਜਦ ਬਚਾਏ ਜਾਣ ਦੇ ਵਖੋ ਵੱਖ ਢੰਗਾਂ, ਵੱਖੋ ਵੱਖ ਸਿੱਖਿਆ ਦੇਣ ਵਾਲੀਆਂ ਅਤੇ ਵੱਖੋ ਵੱਖ ਤਰੀਕੇ ਨਾਲ ਬੰਦਗੀ ਕਰਨ ਵਾਲੀਆਂ ਛੇ ਵੱਖੋ ਵੱਖ ਕਲੀਸੀਆਵਾਂ ਸਹਿਯੋਗ ਕਰਨ ਲਈ ਸਹਿਮਤ ਹੁੰਦੀਆਂ ਹਨ, ਤਾਂ ਭਲਾ ਉਹ ਸਚਮੁਚ ਵਿਚ ਸਹਿਮਤ ਹਨ। ਭਲਾ ਉਨ੍ਹਾਂ ਦਾ ਇੱਕੋ ਹੀ ਮਨ ਅਤੇ ਇੱਕੋ ਹੀ ਚਿਤ

ਹੈ? ਨਹੀਂ, ਉਨ੍ਹਾਂ ਦਾ ਇੱਕੋ ਮਨ ਅਤੇ ਇੱਕੋ ਚਿਤ ਨਹੀਂ ਹੈ! ਬਾਈਬਲ ਮੁਤਾਬਿਕ ਹੋਣ ਵਾਲੀ ਏਕਤਾ ਹੀ ਅਸਲ ਏਕਤਾ ਹੈ। ਇਹ ਏਕਤਾ ਡਾਕਟ੍ਰਿਨ ਅਤੇ ਵਿਹਾਰ ਦੀ ਹੈ। ਸਹਿਯੋਗ ਕਰਕੇ ਏਕਤਾ ਦੀ ਕਲਪਨਾ ਕਰਨ ਨਾਲ ਅਜਿਹੀ ਏਕਤਾ ਨਹੀਂ ਆ ਸਕਦੀ।

ਧਾਰਮਿਕ ਫੁੱਟ ਨੂੰ ਦੂਰ ਕਰਨ ਲਈ ਮਨੁੱਖਾਂ ਵੱਲੋਂ ਅਪਣਾਇਆ ਜਾਣ ਵਾਲਾ ਦੂਜਾ ਢੰਗ ਕਲੀਸੀਆਵਾਂ ਨੂੰ ਆਪਸ ਵਿਚ ਰਲਾ ਕੇ ਨਿਯਮ ਵਿਚ ਏਕਤਾ ਲਿਆਉਣਾ ਹੈ। ਇਸ ਨੂੰ ਮੰਨਿਆ ਜਾ ਸਕਦਾ ਹੈ। ਕਿਉਂਕਿ ਇਕ ਸੰਗ ਆਉਣ ਵਾਲੀਆਂ ਕਲੀਸੀਆਵਾਂ ਲਈ ਜਮ੍ਹਾ ਹੋਈ ਕਲੀਸੀਆ ਦਾ ਰੂਪ ਕਿਹੋ ਜਿਹਾ ਹੋਵੇਗਾ, ਸਮਝੌਤਾ ਕਰਨਾ ਜ਼ਰੂਰੀ ਹੈ। ਭਲਾ ਇਸ ਢੰਗ ਵਿਚ ਕੋਈ ਬੁਰਿਆਈ ਹੈ?

ਭਲਾ ਇਸ ਢੰਗ ਵਿਚ ਕੋਈ ਬੁਰਿਆਈ ਹੈ? ਇਹ ''ਸੰਯੋਗ ਦੇ ਰਾਹੀਂ ਕੀਤਾ'' ਦੀ ਧਾਰਣਾ ਦੇ ਖਿਲਾਫ਼ ਚੁੱਕੇ ਜਾਣ ਵਾਲੇ ਇਤਰਾਜ਼ ਦਾ ਜਵਾਬ ਹੈ ਕਿਉਂਕਿ ਇਸ ਨਾਲ ਅਸਲ ਏਕਤਾ ਆਉਂਦੀ ਹੈ। ਨਵੀਂ ਕਲੀਸੀਆ ਸਚਮੁਚ ਇਕ ਹੈ। ਫਿਰ ਵੀ ਇਸ ਢੰਗ ਤੇ ਹੋਰ ਇਤਰਾਜ਼ ਹੋ ਸਕਦੇ ਹਨ।

ਪਹਿਲਾ, ਸਮਝੌਤਾ ਕਰਕੇ ਕੀਤੀ ਗਈ ਏਕਤਾ ਨਾਲ ਉਹ ਏਕਤਾ ਨਹੀਂ ਲਿਆਂਦੀ ਜਾ ਸਕਦੀ, ਜਿਸ ਕਰਕੇ ਇਹ ਉਹ ਕਲੀਸੀਆ ਨਹੀਂ ਬਣ ਸਕੇਗੀ। ਕਨੇਡਾ ਵਿਚ ''ਯੂਨਾਈਟਡ ਚਰਚ'' ਬਣਾਉਣ ਲਈ ਤਿੰਨ ਕਲੀਸੀਆਵਾਂ ਇਕੱਠੀਆਂ ਹੋਈਆਂ। 1960 ਦੇ ਦਹਾਕੇ ਦੇ ਸ਼ੁਰੂ ਵਿਚ ਜਦ ਅਸੀਂ ਕਨੇਡਾਂ ਵਿਚ ਸਾਂ ਤਾਂ ਯੂਨਾਈਟਡ ਚਰਚ ਨੂੰ ਸ਼ਾਇਦ ਸਭ ਤੋਂ ਵੱਡੀ ਪ੍ਰੋਟੈਸਟੈਂਟ ਡਿਨੋਮੀਨੇਸ਼ਨ ਮੰਨਿਆ ਜਾਂਦਾ ਸੀ। ਪਰ ਕਨੇਡਾ ਵਿਚ ਯੂਨਾਈਟਡ ਚਰਚ ਤੋਂ ਇਲਾਵਾ ਕਈ ਹੋਰ ਕਲੀਸੀਆਵਾਂ ਹਨ। ਉਨ੍ਹਾਂ ਸਭ ਦੇ ਮਿਲ ਜਾਣ ਤੇ, ਨਰਾਜ਼ ਮੰਡਲੀਆਂ ਅਤੇ ਲੋਕਾਂ ਨੇ ਯੂਨਾਈਟਡ ਚਰਚ ਤੋਂ ਬਾਹਰ ਰਹਿ ਕੇ ਆਪਣੀਆਂ ਪਹਿਲਾਂ ਵਾਲੀਆਂ ਡਿਨੋਮੀਨੇਸ਼ਨਾਂ ਵਿਚ ਰਹਿਣਾ ਹੀ ਚੁਣਿਆ। ਮੈਂ ਮੰਨ ਲੈਂਦਾ ਹਾਂ ਕਿ ਇਕ ਦੂਜੀ ਕਲੀਸੀਆ ਨਾਲ ਮਿਲ ਜਾਣ ਦਾ ਮਕਸਦ ਤਿੰਨ ਕਲੀਸੀਆਵਾਂ ਨੂੰ ਮਿਲਾ ਕੇ ਉਨ੍ਹਾਂ ਤੋਂ ਇਕ ਕਲੀਸੀਆ ਬਣਾਉਣਾ ਸੀ। ਅਸਲ ਵਿਚ ਹੋਇਆ ਇਹ ਕਿ ਜਿੱਥੇ ਪਹਿਲਾਂ ਤਿੰਨ ਕਲੀਸੀਆਵਾਂ ਸਨ ਉਹਦੀਆਂ ਹੁਣ ਚਾਰ ਬਣ ਗਈਆਂ ਸਨ, ਜਿਨ੍ਹਾਂ ਵਿਚ ਤਿੰਨ ਤਾਂ ਪਹਿਲਾਂ ਵਾਲੀਆਂ ਹੀ ਸਨ ਅਤੇ ਇਕ ਹੋਰ ਨਵੀਂ ਡਿਨੋਮੀਨੇਸ਼ਨ, ਦ ਯੂਨਾਈਟਡ ਚਰਚ ਬਣ ਗਈ ਸੀ। ਇਹ ਮਿਲਾਉਣਾ ਫੁੱਟ ਨੂੰ ਘੱਟ ਕਰਨ ਵਾਲਾ ਨਹੀਂ ਬਲਕਿ ਵਧਾਉਣ ਵਾਲਾ ਕੰਮ ਹੈ।

ਏਕਤਾ ਦੇ ਅਜਿਹੇ ਢੰਗ ਨਾਲ ਸਮਝੌਤਾ ਕਰਨ ਤੇ ਇਕ ਹੋਰ ਇਤਰਾਜ਼ ਖੜਾ ਹੁੰਦਾ ਹੈ ਕਿ ਜਦ ਡਿਨੋਮੀਨੇਸ਼ਨਾਂ ''ਇੱਕੋ ਵੱਡੀ ਕਲੀਸੀਆ'' ਬਣਾਉਣ ਲਈ ਆਪਸ ਵਿਚ ਰਲ ਜਾਂਦੀਆਂ ਹਨ ਤਾਂ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਲੈਂਦਾ ਕਿ ਉਹ ਇੱਕੋ ਵੱਡੀ ਕਲੀਸੀਆ ਖ਼ੁਦਾ ਨੂੰ ਭਾਏਗੀ। ਸਮਝੌਤਾ ਹਮੇਸ਼ਾ ਮਨੁੱਖਾਂ ਵੱਲੋਂ ਬਣਾਏ ਗਏ ਵਿਚਾਰਾਂ ਅਤੇ ਮਨੁੱਖਾਂ ਦੀਆਂ ਰੀਤਾਂ ਤੇ ਹੁੰਦਾ ਹੈ। ਉਦਾਹਰਣ ਲਈ ਇਕ ਡਿਨੋਮੀਨੇਸ਼ਨ ਦੇ ਨੁਮਾਇੰਦੇ ਆਖਦੇ ਹਨ ''ਅਸੀਂ ਕਲੀਸੀਆ ਦੇ ਸੰਗਠਨ ਤੇ ਤੁਹਾਡੇ ਨਾਲ ਸਮਝੌਤਾ ਕਰ ਲਵਾਂਗੇ, ਤੁਸੀਂ ਬੰਦਗੀ ਦੇ ਤਰੀਕੇ ਤੇ ਸਾਡੇ ਨਾਲ ਸਹਿਮਤ ਹੋ ਜਾਓ।'' ਸਚਿਆਈ ਤਕ ਅੱਪੜਨ ਲਈ ਸਮਝੌਤਾ ਬੇਹਤਰੀਨ ਢੰਗ ਹੈ। ਅਤੇ ਏਕਤਾ ਨਾਲੋਂ ਵੱਧ ਅਹਿਮ ਉਹ ਸਚਿਆਈ ਹੈ। ਯਿਸੂ ਨੇ ਆਖਿਆ ਕਿ ''ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ'' (ਯੂਹੰਨਾ 8:32)। ਗਲਤ ਸਿੱਖਿਆ ਨੂੰ ਮੰਨਣਾ ਅਤੇ ਉਸ ਤੇ ਚੱਲਣਾ, ਭਾਵੇਂ ਉਹ ਏਕਤਾ ਦੇ ਨਾਂਅ ਤੇ ਹੀ ਹੋਵੇ, ਕਿਸੇ ਵੀ ਤਰ੍ਹਾਂ ਖ਼ੁਦਾ ਨੂੰ ਖੁਸ਼ ਕਰਨ ਵਾਲਾ ਨਹੀਂ ਹੋ ਸਕਦਾ।

ਜੇ ਅਸੀਂ ਉਸ ਅਧਾਰ ਤੇ ਜੋ ਸਾਨੂੰ ਲਗਦਾ ਹੈ, ਸਮਝੌਤਾ ਕਰਕੇ ਇਕ ਹੋਣ ਦੀ ਸ਼ੁਰੂਆਤ ਕਰਦੇ ਹਾਂ ਤਾਂ ਅਸੀਂ ਸਚਮੁਚ ''ਇੱਕੋ ਵੱਡੀ ਕਲੀਸੀਆ'' ਵਿਚ ਇਕ ਹੋ ਸਕਦੇ ਹਾਂ। ਪਰ ਜੇ ਇਹ ''ਇੱਕੋ ਵੱਡੀ ਕਲੀਸੀਆ'' ਖ਼ੁਦਾ ਨੂੰ ਭਾਉਂਦੀ ਨਹੀਂ ਹੈ ਤਾਂ ਕੀ ਫ਼ਾਇਦਾ? ਮੱਧ ਕਾਲ ਵਿਚ ਸ਼ਾਇਦ ''ਇੱਕੋ ਵੱਡੀ ਕਲੀਸੀਆ'' ਹੀ ਸੀ। ਉਸ ਵਿਚ ਏਕਤਾ ਸੀ। ਪਰ ਭਲਾ ਉਸ ''ਇੱਕੋ ਵੱਡੀ ਕਲੀਸੀਆ'' ਨੇ ਖ਼ੁਦਾ ਨੂੰ ਖੁਸ਼ ਕੀਤਾ ਸੀ? ਸਾਡੇ ਵਿੱਚੋਂ ਕੁਝ ਲੋਕ ਹੀ ਸਹਿਮਤ ਹੋਣਗੇ ਕਿ ਉਸ ਨੇ ਖ਼ੁਦਾ ਨੂੰ ਖੁਸ਼

ਕੀਤਾ ਹੋਵੇਗਾ।

ਇਸ ਕਰਕੇ ਕਲੀਸੀਆਵਾਂ ਨੂੰ ਜਮ੍ਹਾਂ ਕਰ ਲੈਣਾ ਉਸਦੀ ਮੁਸ਼ਕਲ ਦਾ ਹੱਲ ਨਹੀਂ ਹੈ। ਜੇ ਉਨ੍ਹਾਂ ਤੋਂ ਇਕ ਕਲੀਸੀਆ ਬਣ ਵੀ ਜਾਵੇ ਤਾਂ ਵੀ ਉਹ ਕਲੀਸੀਆ ਜੇ ਸਚਿਆਈ ਦੇ ਮੁਤਾਬਿਕ ਸਿੱਖਿਆ ਨਹੀਂ ਦਿੰਦੀ ਅਤੇ ਬੰਦਗੀ ਨਹੀਂ ਕਰਦੀ, ਤਾਂ ਇਸ ਵਿਚ ਸ਼ਾਮਿਲ ਹੋਣ ਵਾਲੇ ਲੋਕ ਇਸ ਦੇ ਬਗੈਰ ਹੀ ਚੰਗੇ ਸਨ। ਏਕਤਾ ਦੀ ਇੱਛਾ ਕਰਦਿਆਂ ਸਾਨੂੰ ਪਹਿਲਾਂ ਸਚਿਆਈ ਦੀ ਗੱਲ ਮੰਨ ਕੇ ਖ਼ੁਦਾ ਨੂੰ ਮੰਜ਼ੂਰ ਹੋਣ ਦਾ ਧਿਆਨ ਰੱਖਣ ਦੀ ਲੋੜ ਹੈ ਅਤੇ ਉਹਦੇ ਬਾਅਦ ਇਕ ਹੋਣ।

ਮਨੁੱਖਾਂ ਦੇ ਸੁਝਾਵਾਂ ਨਾਲ ਏਕਤਾ ਪਾਉਣ ਦੇ ਪਹਿਲੇ ਢੰਗ ਨੂੰ ''ਛਾਤੇ ਵਾਲਾ ਤਰੀਕਾ'' ਭਾਵ ਬਹੁਤ ਸਾਰੀਆਂ ਡਿਨੋਮੀਨੇਸ਼ਨਾਂ ਨੂੰ ਜਾਂ ''ਮਸੀਹੀ ਲੋਕਾਂ ਨੂੰ'' ਇੱਕੋ ''ਛਾਤੇ ਜਾਂ ਬਹੁਤ ਵੱਡੇ ਸੰਗਠਨ'' ਹੇਠ ਲਿਆ ਕੇ ਇਕ ਕਰਨ ਦਾ ਵਿਚਾਰ ਕਿਹਾ ਜਾ ਸਕਦਾ ਹੈ। ਪਰ ਇਸ ਨਾਲ ਵੀ ਕੋਈ ਫ਼ਾਇਦਾ ਨਹੀਂ ਹੋਵੇਗਾ।

ਮਨੁੱਖਾਂ ਵੱਲੋਂ ਏਕਤਾ ਲਈ ਦੱਸੇ ਗਏ ਤੀਜੇ ਢੰਗ ਨੂੰ ''ਮਿਲਿਆ ਜੁਲਿਆ ਢੰਗ'' ਕਿਹਾ ਜਾ ਸਕਦਾ ਹੈ। ਇਹ ਕੋਈ ਨਵੀਂ ਚੀਜ਼ ਬਣਾਉਣ ਲਈ ਬਹੁਤ ਸਾਰੇ ਤਰਲ ਪਦਾਰਥਾਂ ਨੂੰ ਮਿਲਾਉਣ ਵਾਂਗ ਹੈ। ਉਹ ਪਦਾਰਥ ਇਕ ਤਾਂ ਹੋਵੇਗਾ ਪਰ ਚੰਗੀ ਤਰ੍ਹਾਂ ਘੁਲਿਆ ਨਹੀਂ ਹੋਵੇਗਾ। ਜਿਵੇਂ ਵੱਖੋ ਵੱਖ ਦਵਾਈਆਂ ਨੂੰ ਜਮ੍ਹਾਂ ਕਰ ਲੈਣ ਨਾਲ ਕੋਈ ਮਦਦ ਨਹੀਂ ਮਿਲਦੀ, ਉਵੇਂ ਹੀ ਵੱਖੋ ਵੱਖ ਡਿਨੋਮੀਨੇਸ਼ਨਾਂ ਦੀਆਂ ਸਿੱਖਿਆਵਾਂ ਮਿਲ ਕੇ ਖ਼ੁਦਾ ਨੂੰ ਭਾਉਣ ਵਿਚ ਤੁਹਾਡੀ ਕੋਈ ਮਦਦ ਨਹੀਂ ਕਰ ਸਕਦੀਆਂ।

## ਬਾਈਬਲ ਦਾ ਢੰਗ

ਦੂਜਾ, ਮਨੁੱਖਾਂ ਦੇ ਢੰਗ ਦੇ ਉਲਟ ਏਕਤਾ ਲਈ ਬਾਈਬਲ ਆਪਣਾ ਤਰੀਕਾ ਦੱਸਦੀ ਹੈ। ਏਕਤਾ ਲਈ ਅਸੀਂ ਬਾਈਬਲ ਦੇ ਢੰਗ ਦੀਆਂ ਚਾਰ ਖੂਬੀਆਂ ਦੱਸ ਸਕਦੇ ਹਾਂ।

ਬਾਈਬਲ ਮੁਤਾਬਿਕ ਏਕਤਾ ਖ਼ੁਦਾ ਦੇ ਵਚਨ ਤੇ ਅਧਾਰਿਤ ਹੈ। ਏਕਤਾ ਲਈ ਯਿਸੂ ਦੀ ਦੁਆ ਦੇ ਹਵਾਲੇ ਵਿਚ, ਉਸ ਨੇ ਵਚਨ ਦੀ ਅਹਿਮੀਅਤ ਤੇ ਜ਼ੋਰ ਦਿੱਤਾ। ਯਿਸੂ ਨੇ ਕਿਹਾ ਕਿ ਰਸੂਲਾਂ ਨੂੰ ਵਚਨ ਸੌਂਪਿਆ ਗਿਆ ਸੀ (ਯੂਹੰਨਾ 17:6, 14), ਉਨ੍ਹਾਂ ਨੇ ਉਸ ਵਚਨ ਨੂੰ ਸੰਭਾਲੀ ਰੱਖਿਆ ਸੀ (ਯੂਹੰਨਾ 17:6), ਉਨ੍ਹਾਂ ਨੇ ਉਸ ਵਚਨ ਦੇ ਰਾਹੀਂ ਪਵਿੱਤਰ ਹੋਣਾ ਸੀ (ਯੂਹੰਨਾ 17:17, 19), ਜੋ ਸਚਿਆਈ, ਅਤੇ ਸੰਸਾਰ ਉਨ੍ਹਾਂ ਨੇ ਰਸੂਲਾਂ ਵੱਲੋਂ ਦੱਸੇ ਯਿਸੂ ਵਿਚ ਈਮਾਨ ਲਿਆਉਣਾ ਸੀ (ਯੂਹੰਨਾ 17:20)। ਜ਼ਾਹਿਰ ਹੈ ਕਿ ਯਿਸੂ ਨੇ ਆਪਣੇ ਚੇਲਿਆਂ ਲਈ ਪਰਮੇਸ਼ੁਰ ਦੇ ਵਚਨ ਨੂੰ ਸੁਣਨ, ਪ੍ਰਚਾਰ ਕਰਨ ਅਤੇ ਹੁਕਮ ਮੰਨਣ ਦੇ ਸੰਦਰਭ ਵਿਚ ਇਕ ਹੋਣ ਦੀ ਇੱਛਾ ਕੀਤੀ।

ਇਕ ਹੋਣ ਲਈ ਸਾਨੂੰ ਖ਼ੁਦਾ ਦੇ ਵਚਨ ਦੀ ਗੱਲ ਮੰਨਣੀ ਜ਼ਰੂਰੀ ਹੋਵੇਗੀ?

ਇਹ ਇਸ ਲਈ ਜ਼ਰੂਰੀ ਹੈ ਕਿਉਂਕਿ ਜਦ ਤਕ ਅਸੀਂ ਸਭ ਉਸ ਇਖ਼ਤਿਆਰ ਨੂੰ ਨਹੀਂ ਮੰਨਦੇ ਤਦ ਤਕ ਸਾਡੇ ਵਿਚ ਏਕਤਾ ਨਹੀਂ ਹੋ ਸਕਦੀ। ਧਰਮ ਵਿਚ ਆਖ਼ਰੀ ਇਖ਼ਤਿਆਰ ਕਿਸ ਕੋਲ ਹੈ? ਕਲੀਸੀਆ ਦੀ ਰੀਤ ਵਿਚ? ਜਾਂ ਬਾਈਬਲ ਵਿਚ? ਬਾਈਬਲ ਮੁਤਾਬਿਕ ਧਰਮ ਵਿਚ ਇਖ਼ਤਿਆਰ ਸਿਰਫ਼ ਬਾਈਬਲ ਕੋਲ ਹੀ ਹੈ। ਸਿਰਫ਼ ਇਹੀ ਹੈ ਕਿ ਜੋ ਸਾਨੂੰ ਹਰ ਭਲੇ ਕੰਮ ਵਿਚ ਪੂਰੀ ਤਰ੍ਹਾਂ ਨਾਲ ਤਿਆਰ ਕਰਨ ਵਾਸਤੇ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਗਈ (2 ਤਿਮੋਥਿਉਸ 3:16, 17)। ਇਸ ਨੂੰ ''ਅਜ਼ਾਦੀ ਦੀ ਸ਼ਰ੍ਹਾ'' (ਯਾਕੂਬ 1:25) ਜਿਹੜੀ ''ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ'' (ਯਹੂਦਾ 3) ਕਿਹਾ ਗਿਆ ਹੈ। ਖ਼ੁਦਾ ਦੇ ਵਚਨ ਨਾਲ, ਸੱਚ ਦੀ ਗੱਲ ਮੰਨਣ ਤੇ ਸਾਡਾ ਨਵਾਂ ਜਨਮ ਹੁੰਦਾ ਹੈ (1 ਪਤਰਸ 1:22), ਅਤੇ ਇਸੇ ਨਾਲ ਸਾਡਾ ਨਿਆਂ ਵੀ ਹੋਵੇਗਾ (ਯੂਹੰਨਾ 12:48)। ਧਰਮ ਵਿਚ ਇਖ਼ਤਿਆਰ ਸਿਰਫ਼ ਬਾਈਬਲ ਕੋਲ ਸੀ। ਜਦ ਤਕ ਅਸੀਂ ਇਸ ਨਾਲ ਸਹਿਮਤ ਨਹੀਂ ਹੁੰਦੇ ਤਦ ਤਕ ਅਸੀਂ ਇਕ ਨਹੀਂ ਹੋਵਾਂਗੇ।

ਬਾਈਬਲ ਮੁਤਾਬਿਕ ਏਕਤਾ ਮਸੀਹ ਵਿਚ ਹੀ ਹੈ। ਯੂਹੰਨਾ 17:21 ਵਿਚ ਯਿਸੂ ਨੇ ਕਿਹਾ, ''ਓਹ ਸਭ ਇੱਕੋ ਹੋਣ ਜਿਸ ਤਰ੍ਹਾਂ, ਹੇ ਪਿਤਾ, ਤੂੰ ਮੇਰੇ ਵਿਚ ਅਤੇ ਮੈਂ ਤੇਰੇ ਵਿਚ ਹਾਂ ਜੋ ਓਹ ਵੀ ਸਾਡੇ ਵਿਚ ਹੋਣ ...।'' ਇਕ ਦੂਜੇ ਨਾਲ ਸਾਡੀ ਏਕਤਾ ਖ਼ੁਦਾ ਅਤੇ ਮਸੀਹ ਨਾਲ ਏਕਤਾ ਹੈ। 1 ਯੂਹੰਨਾ 1:7 ਵਿਚ ਯੂਹੰਨਾ ਇਸ ਨੂੰ ਸਾਫ਼ ਕਰ ਦਿੰਦਾ ਹੈ: ''ਪਰ ਜੇ ਅਸੀਂ ਚਾਨਣ ਵਿਚ ਚੱਲੀਏ ਜਿਵੇਂ ਉਹ ਚਾਨਣ ਵਿਚ ਹੈ ਤਾਂ ਸਾਡੀ ਆਪੋ ਵਿਚ ਸੰਗਤ ਹੈ ਅਤੇ ਉਹ ਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪਾਂ ਤੋਂ ਸ਼ੁੱਧ ਕਰਦਾ ਹੈ।'' ਏਕਤਾ ਦਾ ਟੀਚਾ ਇਕ ਦੂਜੇ ਨਾਲ ਇਕ ਹੋਣਾ ਜਾਂ ''ਇਕ ਦੂਜੇ ਨਾਲ ਸੰਗਤੀ ਰੱਖਣਾ'' ਹੈ। ਇਹ ਕਿਵੇਂ ਅਤੇ ਕਦੋਂ ਹੋ ਸਕਦਾ ਹੈ? ਇਹ ''ਚਾਨਣ ਵਿਚ ਚੱਲ ਕੇ'' ਪਾਇਆ ਜਾਂਦਾ ਹੈ, ਅਤੇ ਸਾਡੇ ਪਾਪ ਮਾਫ਼ ਹੋਣ ਤੇ ਮਿਲਦਾ ਹੈ। ਯੂਹੰਨਾ ਦੇ ਕਹਿਣ ਤੋਂ ਭਾਵ ਇਹ ਹੈ ਕਿ ਜੇ ਸਾਡਾ ਸਬੰਧ ਮਸੀਹ ਨਾਲ ਅਤੇ ਖੁਦਾ ਨਾਲ ਹੀ ਹੈ ਤਾਂ ਸਾਡਾ ਇਕ ਦੂਜੇ ਨਾਲ ਸਬੰਧ ਸਹੀ ਹੋਵੇਗਾ ਅਤੇ ਸਾਡੀ ਇਕ ਦੂਜੇ ਨਾਲ ਸੰਗਤੀ ਹੋਵੇਗੀ।

ਦੂਜੇ ਸ਼ਬਦਾਂ ਵਿਚ, ਅਸੀਂ ਇਕ ਦੂਜੇ ਨਾਲ ਇਕ ਤਦੇ ਹੋ ਸਕਦੇ ਹਾਂ ਜਦ ਅਸੀਂ ਸਭ ਮਸੀਹ ਨਾਲ ਇਕ ਹੋਈਏ। ਚੱਕੇ ਦੀਆਂ ਸਭ ਤਾਰਾਂ ਐਕਸਲ ਨਾਲ ਚੰਗੀ ਤਰ੍ਹਾਂ ਜੁੜੀਆਂ ਹੋਣ ਤੇ ਹੀ ਉਨ੍ਹਾਂ ਦਾ ਆਪੋ ਵਿਚ ਸਹੀ ਤਾਲਮੇਲ ਹੁੰਦਾ ਹੈ। ਇਸੇ ਤਰ੍ਹਾਂ ਜਦ ਅਸੀਂ ਯਿਸੂ ਨਾਲ ਸਹੀ ਤਰੀਕੇ ਨਾਲ ਨਹੀਂ ਜੁੜਦੇ ਜੋ ਸਾਡੇ ਈਮਾਨ ਦਾ ਬਾਨੀ ਹੈ, ਤਾਂ ਅਸੀਂ ਇਕ ਦੂਜੇ ਨਾਲ ਸਹੀ ਕਿਵੇਂ ਜੁੜ ਸਕਾਂਗੇ।

*ਬਾਈਬਲ ਦੀ ਏਕਤਾ ਕਲੀਸੀਆ ਦੇ ਇਕ ਭਾਗ ਦੇ ਰੂਪ ਵਿਚ ਹੋਣ ਵਾਲੀ ਏਕਤਾ ਹੈ।* ਜੇ ਇਹ ਏਕਤਾ ਮਸੀਹ ਵਿਚ ਹੈ ਤਾਂ ਸਾਨੂੰ ਇਹ ਜਾਣ ਕੇ ਹੈਰਾਨੀ ਨਹੀਂ ਹੋਵੇਗੀ ਕਿ ਇਹ ਏਕਤਾ ਉਸ ਦੀ ਕਲੀਸੀਆ ਵਿਚ ਹੈ, ਕਿਉਂਕਿ ਕਲੀਸੀਆ ਵਿਚ ਮਸੀਹ ''ਦੀ ਭਰਪੂਰੀ ਜਿਹੜਾ ਸਭਨਾਂ ਵਿਚ ਸੱਭੋ ਕੁਝ ਭਰਦਾ ਹੈ'' (ਅਫ਼ਸੀਆਂ 1:23) ਪਾਈ ਜਾਂਦੀ ਹੈ। ਜੇ ਕਲੀਸੀਆ ਮਸੀਹ ਦੀ ਭਰਪੂਰੀ ਹੈ, ਤਾਂ ਅਸੀਂ ਕਲੀਸੀਆ ਵਿਚ ਹੋਏ ਬਗੈਰ ਮਸੀਹ ਵਿਚ ਨਹੀਂ ਹੋ ਸਕਦੇ। ਇਸ ਕਰਕੇ ਜੇ ਅਸੀਂ ਇਕ ਹੋਣਾ ਚਾਹੁੰਦੇ ਹਾਂ ਤਾਂ ਸਾਨੂੰ ਸਿਰਫ਼ ਮਸੀਹ ਵਿਚ ਹੀ ਨਹੀਂ ਬਲਕਿ ਉਸ ਦੀ ਕਲੀਸੀਆ ਵਿਚ ਵੀ ਇਕ ਹੋਣਾ ਜ਼ਰੂਰੀ ਹੈ, ਜੋ ਉਸਦੀ ਦੇਹ ਹੈ।

ਕਲੀਸੀਆ ਇੱਕੋ ਹੈ। ਯਿਸੂ ਨੇ ਇੱਕੋ ਹੀ ਕਲੀਸੀਆ ਬਣਾਉਣ ਦਾ ਵਾਅਦਾ ਕੀਤਾ ਸੀ (ਮੱਤੀ 16:18)। ਜਿਸ ਕਰਕੇ ਕਲੀਸੀਆ ਸਿਰਫ਼ ਇਕ ਹੈ (ਅਫ਼ਸੀਆਂ 4:4)। ਖ਼ੁਦਾ ਨੇ ਯਹੂਦੀਆਂ ਅਤੇ ਯੂਨਾਨੀਆਂ ਨੂੰ ਦੋਹਾਂ ਨੂੰ ''ਸਲੀਬ ਦੇ ਰਾਹੀਂ ਇਕ ਸਰੀਰ ਬਣਾ ਕੇ'' ਮਿਲਾਇਆ (ਅਫ਼ਸੀਆਂ 2:16), ਜਿਸਦਾ ਨਤੀਜਾ ਇਹ ਹੋਇਆ ਕਿ ਅੱਜ ਇੱਕੋ ਹੀ ਕਲੀਸੀਆ ਭਾਵ ਇੱਕੋ ਹੀ ਗੱਲਾ ਅਤੇ ਇੱਕੋ ਗਡਰੀਆ (ਯੂਹੰਨਾ 10:16) ਹੈ। ਜੋ ਲੋਕ ਕਲੀਸੀਆ ਵਿਚ ਹਨ ਉਹ ਉਸ ਦੇ ਅੰਗ ਹਨ ਅਤੇ ''ਅੰਗ ਭਾਵੇਂ ਕਿੰਨੇ ਵੀ ਹੋਣ'' ਦੇਹ ਇੱਕੋ ਹੀ ਰਹਿੰਦੀ ਹੈ (1 ਕੁਰਿੰਥੀਆਂ 12:2)। ਆਪਣੇ ਚੇਲਿਆਂ ਤੋਂ ਜਿਸ ਏਕਤਾ ਦੀ ਉਮੀਦ ਮਸੀਹ ਕਰਦਾ ਹੈ ਉਹ ਯਿਸੂ ਮਸੀਹ ਦੀ ਉਸ ਇੱਕੋ ਕਲੀਸੀਆ ਵਿਚ ਇਕ ਹੋਣਾ ਹੈ।

ਇਹ ਏਕਤਾ ਕਲੀਸੀਆ ਦੇ ਬਾਹਰ ਮਿਲਣ ਵਾਲੀ ਏਕਤਾ ਨਹੀਂ ਹੈ, ਨਾ ਇਹ ਡਿਨੋਮੀਨੇਸ਼ਨਾਂ ਵਿਚ ਰਹਿ ਕੇ ਹੋ ਸਕਦੀ ਹੈ, ਨਾ ਵੱਖੋ ਵੱਖ ਕਲੀਸੀਆਵਾਂ ਦੇ ਸੰਗਠਨ ਬਣਾ ਕੇ ਮਿਲਦੀ ਹੈ। ਵਿਸ਼ਵਾਸੀ ਲੋਕ ਜਦ ਨਵੇਂ ਨੇਮ ਵਿਚਲੀ ਇੱਕੋ ਕਲੀਸੀਆ ਦਾ ਭਾਗ ਬਣ ਜਾਂਦੇ ਹਨ ਤਾਂ ਉਹ ਵੀ ਮਸੀਹ ਵਿਚ ਇਕ ਹੋ ਜਾਂਦੇ ਹਨ।

*ਬਾਈਬਲ ਮੁਤਾਬਿਕ ਏਕਤਾ ਉਹ ਏਕਤਾ ਹੈ ਜੋ ਜ਼ਰੂਰੀ ਹੈ।* ਨਵਾਂ ਨੇਮ ਦੱਸਦਾ ਹੈ ਕਿ ਅਸੀਂ ''ਇੱਕੋ ਦੇਹ'' ਹੋਈਏ। ਪਰ ਮਸੀਹ ਵਿਚ ਰਹਿ ਕੇ, ਬਾਈਬਲ ਵੱਲੋਂ ਲਾਈਆਂ ਗਈਆਂ ਹੱਦਾਂ ਵਿਚ ਪ੍ਰਚਾਰ ਵਿਚ ਫ਼ਰਕ ਹੋਣ ਦੀ ਗੁੰਜਾਇਸ਼ ਰਹਿੰਦੀ ਹੀ ਹੈ।

ਪਹਿਲੀ ਸਦੀ ਵਿਚ ਕਲੀਸੀਆਵਾਂ ਡਾਕਟ੍ਰਿਨ ਦੇ ਮੁੱਦੇ ਤੇ ਸਹਿਮਤ ਸਨ। ਤਰੀਕੇ ਵਿਚ ਭਾਵੇਂ

ਫ਼ਰਕ ਪਾਏ ਜਾਂਦੇ ਸਨ। ਉਦਾਹਰਣ ਲਈ, ਸਭ ਕਲੀਸੀਆਵਾਂ ਵਿਚ ਬੰਦਗੀ ਪ੍ਰਭੂ ਦੇ ਦਿਨ ਵਿਚ ਹੁੰਦੀ ਹੈ, ਪਰ ਪ੍ਰਭੂ ਦੇ ਦਿਨ ਵਿਚ ਸਾਰੇ ਇੱਕੋ ਵੇਲੇ ਇਕੱਠੇ ਨਹੀਂ ਹੁੰਦੇ ਹੋਣਗੇ। ਨਾਲੇ ਉਹ ਪ੍ਰਭੂ ਦੇ ਕੰਮ ਨੂੰ ਅੱਗੇ ਵਧਾਉਣ ਲਈ ਵੱਖ ਵੱਖ ਢੰਗਾਂ ਦੀ ਵਰਤੋਂ ਕਰਦੇ ਹੋਣਗੇ।

ਇਸ ਤੋਂ ਇਲਾਵਾ, ਕੁਝ ਸਵਾਲਾਂ, ਜਿਵੇ ਮੂਰਤੀਆਂ ਅੱਗੇ ਚੜ੍ਹਾਈਆਂ ਕੁਰਬਾਨੀਆਂ ਨੂੰ ਖਾਣਾ ਚਾਹੀਦਾ ਹੈ ਜਾਂ ਨਹੀਂ ਦੇ ਜਵਾਬ ਹਲਾਤ ਦੇ ਮੁਤਾਬਿਕ ਦਿੱਤੇ ਜਾਣੇ ਜ਼ਰੂਰੀ ਸਨ। ਇਸ ਕਰਕੇ ਹੋ ਸਕਦਾ ਹੈ ਤੁਹਾਨੂੰ ਇਕ ਮੰਡਲੀ ਵਿਚ ਅਜਿਹਾ ਚੜ੍ਹਾਵਾ ਖਾ ਲੈਣ ਵਾਲੇ ਅਤੇ ਇਕ ਹੋਰ ਮੰਡਲੀ ਵਿਚ ਅਜਿਹੇ ਨਾ ਖਾਣ ਵਾਲੇ ਮਸੀਹੀ ਮਿਲੇ ਹੋਣ।

ਯੁਗਾਂ ਤੋਂ ਮਸੀਹੀ ਲੋਕਾਂ ਵਿਚ ਪ੍ਰਭੂ ਦੇ ਕੰਮ ਨੂੰ ਕਰਨ ਲਈ ''ਤਰੀਕੇ,'' ਕਿਸੇ ਕੰਮ ਨੂੰ ਤਰਜੀਹ ਦੇਣ ਜਾਂ ਨਾ ਦੇਣ ਅਤੇ ਉਸ ਦੇ ਤਰੀਕੇ ਤੇ, ਬਾਈਬਲ ਦੀ ਸਪੱਸ਼ਟ ਸਿੱਖਿਆ ਤੇ ਵਿਵਾਦ ਵਾਲੇ ਸਵਾਲਾਂ ਵਰਗੀਆਂ ਗੱਲਾਂ ਤੇ ਕੁਝ ਫ਼ਰਕ ਰਹੇ ਹਨ। ਅਜਿਹੇ ਮਤਭੇਦ ਹੋਣ ਤੇ ਮਸੀਹੀ ਲੋਕਾਂ ਕੀ ਕਰਨਾ ਚਾਹੀਦਾ ਹੈ? ਉਨ੍ਹਾਂ ਨੂੰ ਪੂਰੀ ਇਕਰੂਪਤਾ ਦੇ ਬਿਨਾ ਏਕਤਾ ਦੇ ਵਿਚਾਰ ਨੂੰ ਮੰਨ ਲੈਣਾ ਚਾਹੀਦਾ ਹੈ। ਵਿਚਾਰ ਦੀ ਗੱਲ ਵਿਚ ਸਾਨੂੰ ਦੂਜਿਆਂ ਨੂੰ ਆਪਣੇ ਤੋਂ ਵੱਖਰੇ ਵਿਚਾਰ ਰੱਖਣ ਦੀ ਖੁੱਲ੍ਹ ਦੇਣੀ ਹੀ ਚਾਹੀਦੀ ਹੈ।

ਪਰ ਵਿਸ਼ਵਾਸ ਦੇ ਮਾਮਲਿਆਂ ਵਿਚ ਨਵੇਂ ਨੇਮ ਦੇ ਮਸੀਹੀ ਲੋਕਾਂ ਵਿਚ ਏਕਤਾ ਸੀ। ਮਸੀਹੀ ਲੋਕ ਵਿਚਾਰ ਦੀਆਂ ਗੱਲਾਂ ਤੇ ਤਾਂ ਅੱਡ ਹੋ ਸਕਦੇ ਹਨ, ਪਰ ਉਹ ਮਸੀਹੀਅਤ ਦੀਆਂ ਅਹਿਮ ਗੱਲਾਂ ਤੇ ਸਹਿਮਤ ਸਨ ਕਿ ਮਸੀਹੀ ਬਣਨ ਲਈ ਕੀ ਕਰਨਾ ਜ਼ਰੂਰੀ ਹੈ, ਪ੍ਰਭੂ ਦੀ ਕਲੀਸੀਆ ਵਿਚ ਇਕ ਮਸੀਹੀ ਦੇ ਰੂਪ ਵਿਚ ਕੰਮ ਅਤੇ ਬੰਦਗੀ ਕਿਵੇਂ ਕਰਨੀ ਹੈ ਅਤੇ ਮਸੀਹੀ ਦੀ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ।

*ਬਾਈਬਲ ਮੁਤਾਬਿਕ ਏਕਤਾ ਸਹੀ ਵਿਹਾਰ ਨਾਲ ਹੀ ਲਿਆਈ ਜਾਂਦੀ ਹੈ।* ਮਸੀਹ ਦੀ ਗੱਲ ਮੰਨਣ ਨਾਲ ਉਸ ਵਿਚ ਇਕ ਹੋ ਜਾਣ ਅਤੇ ਉਸ ਦੀ ਕਲੀਸੀਆ ਦਾ ਭਾਗ ਬਣ ਜਾਣ ਦੇ ਬਾਅਦ ਜਿਹੜੀ ਗੱਲ ਰਹਿ ਜਾਂਦੀ ਹੈ ਉਹ ਸਹੀ ਵਿਹਾਰ ਨਾਲ ਏਕਤਾ ਨੂੰ ਬਣਾਈ ਰੱਖਣਾ ਹੈ।

ਬਾਈਬਲ ਵੱਲੋ ਦਿੱਤੀ ਗਈ ਏਕਤਾ ਖ਼ਤਮ ਹੋ ਸਕਦੀ ਹੈ। ਨਵੇਂ ਨੇਮ ਦੇ ਸਮਿਆਂ ਵਿਚ, ਵਿਸ਼ਵਾਸ ਕਰਨ ਵਾਲੇ ਸਭ ਲੋਕ ਇਕ ਸਨ। ਉਹ ਉਨ੍ਹਾਂ ਹੀ ਗੱਲਾਂ ਨੂੰ ਮੰਨਦੇ ਅਤੇ ਸਿਖਾਉਂਦੇ ਸਨ ਅਤੇ ਇੱਕੋ ਹੀ ਕਲੀਸੀਆ ਵਿਚ ਸਨ। ਪਰ ਉਨ੍ਹਾਂ ਨੂੰ ਫੁੱਟ ਤੋਂ ਬਚਾਉਣ ਅਤੇ ਏਕਤਾ ਬਣਾਈ ਰੱਖਣ ਲਈ ਸਮਝਾਉਂਦੇ ਰਹਿਣਾ ਜ਼ਰੂਰੀ ਸੀ। ਕਿਉਂ? ਕਿਉਂਕਿ ਝਗੜੇ ਨਾਲ ਉਨ੍ਹਾਂ ਦੀ ਅਸਲ ਏਕਤਾ ਨੂੰ ਖ਼ਤਰਾ ਸੀ।

ਪੌਲੁਸ ਨੇ ਅਫ਼ਸੁਸ ਦੇ ਮਸੀਹੀ ਲੋਕਾਂ ਨੂੰ ਸਮਝਾਇਆ ਕਿ ''ਪੂਰੀ ਅਧੀਨਗੀ, ਨਰਮਾਈ, ਅਤੇ ਧੀਰਜ ਸਹਿਤ ਪ੍ਰੇਮ ਨਾਲ ਇਕ ਦੂਜੇ ਦੀ ਸਹਿ ਲਵੋ ਅਤੇ ਮਿਲਾਪ ਦੇ ਬੰਧ ਵਿਚ ਆਤਮਾ ਦੀ ਏਕਤਾ ਦੀ ਪਾਲਨਾ ਕਰਨ ਦਾ ਜਤਨ ਕਰੋ'' (ਅਫ਼ਸੀਆਂ 4:2, 3)। ਉਸ ਨੇ ਫ਼ਿਲਿੱਪੀਆਂ ਨੂੰ ਕਿਹਾ ਕਿ ''ਮੇਰੇ ਅਨੰਦ ਨੂੰ ਪੂਰਾ ਕਰੋ ਭਈ ਤੁਸੀਂ ਇਕ ਮਨ ਹੋ ਕੇ, ਇੱਕੋ ਜਿਹਾ ਪ੍ਰੇਮ ਰੱਖੋ, ਇਕ ਚਿੱਤ, ਇਕ ਮੱਤ ਹੋਵੋ'' (ਫ਼ਿਲਿੱਪੀਆਂ 2:2)। ਕੁਲੁੱਸੀਆਂ ਨੂੰ ਉਸ ਨੇ ਬੇਨਤੀ ਕੀਤੀ, ''ਅਤੇ ਇਨ੍ਹਾਂ ਸਭਨਾਂ ਦੇ ਉੱਤੇ ਦੀ ਪ੍ਰੇਮ ਨੂੰ ਲਓ ਜਿਹੜਾ ਸੰਪੂਰਨਤਾਈ ਦਾ ਬੰਧ ਹੈ'' (ਕੁਲੁੱਸੀਆਂ 3:14)। ਸਾਨੂੰ ਇਸੇ ਸੰਦੇਸ਼ ਦੀ ਲੋੜ ਹੈ।

ਸਿਧਾਂਤਕ ਤੌਰ ਤੇ ਮਸੀਹ ਦੀ ਕਲੀਸੀਆ ਦੇ ਸਭ ਲੋਕ ਇਕ ਹਨ। ਇਹ ਆਇਤਾਂ ਦੱਸਦੀਆਂ ਹਨ ਕਿ ਇਕ ਹੋਣ ਕਰਕੇ ਸਾਨੂੰ ਇਵੇਂ ਹੀ ਕੰਮ ਕਰਨੇ ਚਾਹੀਦੇ ਜਿਵੇਂ ਅਸੀਂ ਸਭ ਇਕ ਹੋਈਏ। ਖ਼ੁਦਾ ਦੇ ਵਚਨ ਦੇ ਮੁਤਾਬਿਕ ਸਾਨੂੰ ਇਕ ਹੋਣਾ ਜ਼ਰੂਰੀ ਹੈ। ਪਰ ਉਨ੍ਹਾਂ ਵਿਹਾਰਾਂ ਨਾਲ ਜਿਨ੍ਹਾਂ ਵਿਚ ਲਗਾਅ, ਹਮਦਰਦੀ ਅਤੇ ਤਰਸ ਵਿਚ ਇਕ ਹੋਣ ਭਾਵ ਅਗਲਾ ਵਿਹਾਰ ਬਣੇ ਜੋ ਦੀਨਤਾ, ਹਲੀਮੀ, ਧੀਰਜ, ਸਹਿਨਸ਼ੀਲਤਾ, ਮਾਫ਼ੀ, ਪਿਆਰ, ਨਿਰਸੁਆਰਥ, ਅਤੇ ਮਸੀਹ ਦੇ ਮਨ ਨੂੰ ਬਣਾਵੇ, ਬਣਾਉਣਾ ਵੀ

ਓਨਾ ਹੀ ਜ਼ਰੂਰੀ ਹੈ! ਸਿੱਧ ਏਕਤਾ ਵਿਚ ਸਭ ਤੋਂ ਵਧ ਸਾਨੂੰ ਪ੍ਰੇਮ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ, ਕਿਉਂਕਿ ਪ੍ਰੇਮ ''ਜਿਹੜਾ ਹਰ ਚੀਜ਼ ਨੂੰ ਪੱਕੀ ਤਰ੍ਹਾਂ ਜੋੜ ਦਿੰਦਾ ਹੈ'' (ਕੁਲੁੱਸੀਆਂ 3:14; RSV)।

## ਸਾਰ

ਬਾਈਬਲ ਦੀ ਏਕਤਾ ਵੱਖੋ ਵੱਖ ਸੰਗਠਨਾਂ ਦੇ ਸਹਿਯੋਗ ਵਰਗੀ ਨਹੀਂ ਹੈ ਅਤੇ ਨਾ ਹੀ ਇਹ ਏਕਤਾ ਮਨੁੱਖਾਂ ਦੇ ਵਿਚਾਰਾਂ ਨਾਲ ਸਮਝੌਤਾ ਕਰਕੇ ਹੋ ਸਕਦੀ ਹੈ।

ਬਲਕਿ ਬਾਈਬਲ ਮੁਤਾਬਿਕ ਏਕਤਾ: (1) ਖ਼ੁਦਾ ਦੇ ਵਚਨ ਤੇ ਅਧਾਰਿਤ ... (2) ਮਸੀਹ ਵਿਚ ਮਿਲਣ ਵਾਲੀ ... (3) ਕਲੀਸੀਆ ਦੇ ਭਾਗ ਦੇ ਰੂਪ ਵਿਚ ... ਅਤੇ (4) ਏਕਤਾ ਲਈ ਜ਼ਰੂਰੀ ... (5) ਸਹੀ ਵਿਹਾਰ ਵਿਚ ਬਣਾਈ ਰੱਖੇ ਜਾਣ ਲਈ ਏਕਤਾ ਹੈ।

ਏਕਤਾ ਲਈ ਤੁਸੀਂ ਕੀ ਯੋਗਦਾਨ ਦੇ ਸਕਦੇ ਹੋ? ਕਿਸੇ ਵੀ ਪਹਿਲੂ ਤੋਂ ਇਸ ਦੇ ਨਜ਼ਰ ਆਉਣ ਤੋਂ, *ਪਾਪਾਂ ਦੀ ਮਾਫ਼ੀ ਲਈ ਵਿਸ਼ਵਾਸ ਅਤੇ ਹੁਕਮ ਮੰਨਣ ਦੇ ਰਾਹੀਂ ਮਸੀਹ ਵਿਚ ਬਪਤਿਸਮਾ* ਲੈ ਕੇ *ਮਸੀਹੀ ਬਣਨਾ* ਜ਼ਰੂਰੀ ਹੈ।

ਮਸੀਹ ਦੇ ਇਖ਼ਤਿਆਰ ਅਤੇ ਉਸ ਦੇ ਵਚਨ ਨੂੰ ਮੰਨਣ ਲਈ ਤੁਹਾਨੂੰ ਬਪਤਿਸਮਾ ਲੈਣਾ ਜ਼ਰੂਰੀ ਹੈ (ਮੱਤੀ 28:18–20)।

ਯਿਸੂ ਵਿਚ ਵਿਸ਼ਵਾਸ ਕਰਨ ਦੇ ਬਾਅਦ, ਮਸੀਹ ਵਿਚ ਆਉਣ ਲਈ *ਤੁਹਾਨੂੰ ਬਪਤਿਸਮਾ ਲੈਣਾ ਜ਼ਰੂਰੀ ਹੈ* (ਗਲਾਤੀਆਂ 3:26–28)।

ਉਸ ਇਕ ਕਲੀਸੀਆ ਵਿਚ ਆਉਣ ਲਈ ਜਿਸ ਵਿਚ ਮਸੀਹੀ ਲੋਕ ਇਕ ਹੋ ਜਾਂਦੇ ਹਨ, *ਤੁਹਾਡੇ ਲਈ ਬਪਤਿਸਮਾ ਲੈਣਾ ਜ਼ਰੂਰੀ ਹੈ* (1 ਕੁਰਿੰਥੀਆਂ 12:13)।

*ਤੁਹਾਡੇ ਲਈ ਬਪਤਿਸਮਾ ਲੈਣਾ ਜ਼ਰੂਰੀ ਹੈ* ਕਿਉਂਕਿ ਬਪਤਿਸਮਾ ਯਕੀਨਨ ਮਸੀਹੀਅਤ ਦੀਆਂ ਜ਼ਰੂਰਤਾਂ ਵਿੱਚੋਂ ਇਕ ਹੈ। ਮਸੀਹ ਵੱਲੋਂ ਇਸ ਦੀ ਮੰਗ ਕੀਤੀ ਜਾਂਦੀ ਹੈ (ਮਰਕੁਸ 16:15, 16) ਅਤੇ ਪਾਪਾਂ ਦੀ ਮਾਫ਼ੀ ਲਈ ਜ਼ਰੂਰੀ ਹੈ (ਰਸੂਲਾਂ ਦੇ ਕੰਮ 2:38)। ਇਹ ਅਫ਼ਸੀਆਂ 4 ਅਧਿਆਇ ਵਿਚ ਮਿਲਣ ਵਾਲੇ ਸਤ ''ਏਕਿਆਂ'' ਵਿੱਚੋਂ ਇਕ ਹੈ।

ਮਸੀਹ ਵਿਚ ਵਿਸ਼ਵਾਸ ਕਰਨ ਅਤੇ ਆਪਣੇ ਪਾਪਾਂ ਤੋਂ ਤੌਬਾ ਕਰਕੇ *ਬਪਤਿਸਮਾ ਲੈਣ ਦੇ ਬਾਅਦ* ਤੁਹਾਨੂੰ ਮਸੀਹ ਅਤੇ ਉਨ੍ਹਾਂ ਸਭ ਲੋਕਾਂ ਵਿਚ ਜੋ ਉਸ ਦੇ ਚੇਲੇ ਹਨ, ਰਲਾ ਦਿੱਤਾ ਜਾਵੇਗਾ। ਮਸੀਹੀ ਏਕਤਾ ਨੂੰ ਵਧਾਉਣ ਲਈ ਪਹਿਲਾ ਕਦਮ ਇਹੀ ਹੈ। ਫਿਰ ਤੁਸੀਂ ਆਪਣੇ ਭਾਈਆਂ ਨਾਲ ਪ੍ਰੇਮ ਕਰਨਾ ਸਿੱਖਦੇ ਹੋ। ਕਲੀਸੀਆ ਵਿਚ ਏਕਤਾ ਨੂੰ ਬਣਾਈ ਰੱਖਦੇ ਹੋ ਅਤੇ ਤੁਸੀਂ ਇਕ ਹੋਈ ਮਸੀਹ ਦੀ ਉਸ ਦੇਹ ਦਾ ਭਾਗ ਬਣਨ ਲਈ ਦੂਜਿਆਂ ਨੂੰ ਪ੍ਰੇਰਦੇ ਹੋ।

ਕਿਸੇ ਨੇ ਕਿਹਾ ਹੈ, ''ਇਕ ਹਾਂ ਤਾਂ ਖੜੇ ਹਾਂ, ਵੰਡੇ ਹਾਂ ਤਾਂ ਝੜੇ ਹਾਂ।'' ਸਾਡੇ ਸਭ ਲਈ ਏਕਤਾ ਦੀ ਅਹਿਮੀਅਤ ਨੂੰ ਸਮਝਣਾ ਜ਼ਰੂਰੀ ਹੈ। ਅਤੇ ਬਾਈਬਲ ਮੁਤਾਬਿਕ ਏਕਤਾ ਦੀ ਤਲਾਸ਼ ਦੀ ਸ਼ੁਰੂਆਤ ਇਹੀ ਹੈ। ਜਦ ਅਸੀਂ ਬਾਈਬਲ ਮੁਤਾਬਿਕ ਇਕ ਹੋ ਜਾਵਾਂਗੇ ਤਾਂ ਅਸੀਂ ਤਾਕਤਵਰ ਹੋਵਾਂਗੇ। ਵੰਡੇ ਰਹਿ ਕੇ ਅਸੀਂ ਤਬਾਹ ਹੋ ਜਾਵਾਂਗੇ।